**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**(S.S.S. Board, Punjab)**

**ਵਣ ਕੰਪਲੈਕਸ, ਸੈਕਟਰ-68, ਐਸ.ਏ.ਐਸ. ਨਗਰ (ਮੋਹਾਲੀ)**

**ਜਨਤਕ ਸੂਚਨਾ**

**ਇਸ਼ਤਿਹਾਰ ਨੰ: 04 ਆਫ 2015 ਅਧੀਨ ਕਲਰਕ ਅਤੇ ਕਲਰਕ-ਕਮ-ਡਾਟਾ ਐਂਟਰੀ ਅਪਰੇਟਰ ਦੀਆਂ ਪ੍ਰਕਾਸ਼ਿਤ ਆਸਾਮੀਆਂ ਸਬੰਧੀ ਪੰਜਾਬੀ ਅਤੇ ਅੰਗਰੇਜੀ ਕੁਆਲੀਫਾਇੰਗ ਟਾਈਪ ਟੈਸਟ ਕੰਡਕਟ ਕਰਨ ਬਾਰੇ ਉਮੀਦਵਾਰਾਂ ਦੀ ਜਾਣਕਾਰੀ ਲਈ ਮਿਤੀ 29.04.2016 ਨੂੰ ਜਾਰੀ ਕੀਤੀਆਂ ਗਈਆਂ ਜ਼ਰੂਰੀ ਹਦਾਇਤਾਂ ਦੀ ਲਗਾਤਾਰਤਾ ਵਿੱਚ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-**

1. ਉਪਰੋਕਤ ਆਸਾਮੀਆਂ ਲਈ ਲਿਆ ਜਾਣ ਵਾਲਾ ਪੰਜਾਬੀ ਅਤੇ ਅੰਗਰੇਜੀ ਟਾਈਪ ਟੈਸਟ ਮਿਤੀ 23.05.2016 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਇਹ ਟੈਸਟ ਕੰਪਿਊਟਰ ਉੱਤੇ ਆਨ-ਲਾਈਨ (Intranet) ਹੋਵੇਗਾ। ਉਮੀਦਵਾਰ ਆਪਣੇ Admit Card ਬੋਰਡ ਦੀ ਵੈਬਸਾਈਟ www.punjabsssb.gov.in ਤੋਂ ਡਾਊਨਲੋਡ ਕਰ ਲੈਣ ਅਤੇ Admit Card ਵਿੱਚ ਦਰਜ ਟੈਸਟ ਦੀ ਮਿਤੀ, ਸਮਾਂ ਅਤੇ ਸਥਾਨ ਅਨੁਸਾਰ ਟੈਸਟ ਲਈ ਪਹੁੰਚਣ।
2. ਪੰਜਾਬੀ ਅਤੇ ਅੰਗਰੇਜੀ ਟਾਈਪ ਪ੍ਰੀਖਿਆ ਹਰੇਕ ਲਈ 300-300 ਸ਼ਬਦ ਦੇ ਦੋ ਪੈਰ੍ਹੇ ਹੋਣਗੇ, ਜਿਨ੍ਹਾਂ ਨੂੰ 30 ਸ਼ਬਦ ਪ੍ਰਤੀ ਮਿੰਟ ਦੀ ਸਪੀਡ ਤੇ ਟਾਈਪ ਕਰਨਾ ਹੋਵੇਗਾ ਅਤੇ ਉਮੀਦਵਾਰ ਨੂੰ ਹਰੇਕ ਪੈਰ੍ਹਾ ਟਾਈਪ ਕਰਨ ਲਈ 10-10 ਮਿੰਟ ਦਾ ਸਮਾਂ ਦਿੱਤਾ ਜਾਵੇਗਾ। ਪੰਜਾਬੀ ਅਤੇ ਅੰਗਰੇਜੀ ਦੇ ਦੋਵੇਂ ਪੈਰ੍ਹਿਆਂ ਵਿੱਚ 300 ਸ਼ਬਦ ਤੋਂ ਘੱਟ ਸ਼ਬਦ ਟਾਈਪ ਕਰਨ ਵਾਲੇ ਉਮੀਦਵਾਰ ਨੂੰ ਫੇਲ੍ਹ ਮੰਨਿਆ ਜਾਵੇਗਾ। ਪਹਿਲਾਂ ਪੰਜਾਬੀ ਟਾਈਪ ਟੈਸਟ ਹੋਵੇਗਾ। ਉਸ ਤੋਂ 05 (ਪੰਜ) ਮਿੰਟ ਬਾਅਦ ਅੰਗਰੇਜੀ ਟਾਈਪ ਟੈਸਟ ਹੋਵੇਗਾ।
3. ਪੰਜਾਬੀ ਟਾਈਪ ਟੈਸਟ ਵਿੱਚ ਉਮੀਦਵਾਰ ਪਾਸ Assees ਜਾਂ Joy Font ਵਿੱਚ ਟਾਈਪ ਕਰਨ ਦੀ ਆਪਸ਼ਨ ਉਪਲਬੱਧ ਹੋਵੇਗੀ ਅਤੇ ਉਮੀਦਵਾਰ ਨੂੰ ਟੈਸਟ ਸ਼ੁਰੂ ਹੋਣ ਤੋਂ ਪਹਿਲਾਂ Font ਸਬੰਧੀ ਆਪਸ਼ਨ ਸਿਲੈਕਟ ਕਰਨੀ ਹੋਵੇਗੀ।
4. ਪੰਜਾਬੀ ਟਾਈਪ ਟੈਸਟ ਦੌਰਾਨ Assees Font ਵਿੱਚ (-) ਪਾਉਣ ਲਈ Shift+6, Joy Font ਵਿੱਚ ਟਾਈਪ ਕਰਨ ਵੇਲੇ (ਜ਼) ਪਾਉਣ ਲਈ Alt+0152 ਅਤੇ (ਸ਼) ਪਾਉਣ ਲਈ Alt+0217 ਦੀ ਵਰਤੋਂ ਕਰਨੀ ਹੋਵੇਗੀ।
5. ਟਾਈਪ ਟੈਸਟ ਸ਼ੁਰੂ ਹੋਣ ਤੋਂ ਪਹਿਲਾਂ ਉਮੀਦਵਾਰਾਂ ਦੀ ਸੁਵਿਧਾ ਲਈ ਬੋਰਡ ਦੀ ਵੈਬਸਾਈਟ www.punjabsssb.gov.in ਤੇ ਮਿਤੀ 20 ਅਤੇ 21 ਮਈ, 2016 ਨੂੰ ਆਨ-ਲਾਈਨ Mock Test ਦਾ ਉਪਬੰਧ ਹੋਵੇਗਾ।
6. ਉਮੀਦਵਾਰਾਂ ਦੀ log-in-detail ਸਬੰਧੀ ਜਿਵੇਂ ਕਿ user name ਅਤੇ password ਬਾਰੇ ਟਾਈਪ ਟੈਸਟ ਸਮੇਂ ਪ੍ਰੀਖਿਆ ਕੇਂਦਰ ਵਿੱਚ ਦੱਸਿਆ ਜਾਵੇਗਾ।
7. ਟਾਈਪ ਟੈਸਟ ਸਮੇਂ key-board ਦੇ ਨਾ-ਜਰੂਰੀ ਬਟਨਾਂ ਨੂੰ non-functional ਕਰ ਦਿੱਤਾ ਜਾਵੇਗਾ।
8. ਉਮੀਦਵਾਰ ਨੂੰ ਪਾਸ ਹੋਣ ਲਈ ਘੱਟੋ-ਘੱਟ 300 ਸ਼ਬਦ ਟਾਈਪ ਕਰਨੇ ਜ਼ਰੂਰੀ ਹੋਣਗੇ ਅਤੇ ਟਾਈਪ ਕੀਤੇ ਸ਼ਬਦਾਂ ਵਿੱਚੋਂ 8% ਤੱਕ ਗਲਤੀਆਂ ਮੁਆਫ ਹੋਣਗੀਆਂ।
9. ਉਕਤ ਦੋਵੇਂ ਟਾਈਪ ਟੈਸਟ ਕੁਆਲੀਫਾਇੰਗ ਨੇਚਰ ਦੇ ਹਨ ਪਰ ਜੇਕਰ ਕੋਈ ਉਮੀਦਵਾਰ 10 ਮਿੰਟ ਤੋਂ ਪਹਿਲਾਂ ਟਾਈਪ ਕਰ ਲਵੇ ਤਾਂ ਉਹ ਦੁਬਾਰਾ ਤੋਂ ਪੈਰਾ ਟਾਈਪ ਕਰ ਸਕਦਾ ਹੈ ਪਰੰਤੂ ਅਜਿਹਾ ਕਰਨ ਲਈ ਦਿੱਤੇ ਗਏ ਪੈਰ੍ਹੇ ਵਿੱਚੋਂ ਉਸ ਵਲੋਂ ਘੱਟੋ-ਘੱਟ 92% ਸ਼ਬਦ ਟਾਈਪ ਕੀਤੇ ਹੋਣ। ਪੈਰ੍ਹਾ ਦੁਬਾਰਾ ਟਾਈਪ ਕਰਨ ਲਈ ਉਸ ਨੂੰ ਕੀ-ਬੋਰਡ ਦੀ 'ਰਪੀਟ-ਕੀ' ਦੀ ਵਰਤੋਂ ਕਰਨੀ ਹੋਵੇਗੀ।
10. ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਕੰਪਿਊਟਰ ਦੀ ਸਕਰੀਨ ਉਪਰ ਡਿਸਪਲੇਅ ਹੋ ਰਹੀਆਂ ਹਦਾਇਤਾਂ ਦੀ ਪਾਲਣਾ ਕਰਨ।

Lcand Cumar

ਮਿਤੀ: 18 ਮਈ, 2016

ਸਕੱਤਰ

ਅਧੀਨ ਸੇਵਾਵਾਂ ਚੋਣ ਬੋਰਡ,ਪੰਜਾਬ।